# *ਪਰਾਈ ਭਾਖਿਆ ਵਿੱਚ ਬੋਲਣ ਦੇ ਦਾਨ ਨੂੰ ਕਿਵੇਂ ਪ੍ਰਾਪਤ ਕਰਨਾ ਹੈ*

**ਇੱਕ ਸੈਸ਼ਨ** **ਡੀ. ਵੀ. ਡੀ. ਦੀ ਲੰਬਾਈ: 36 ਮਿੰਟ**

*ਡਾ. ਮਾਰਕ ਵਿਰਕਲਰ ਦੁਆਰਾ*

ਡਾ, ਮਾਰਕ ਵਿਰਕਲਰ ਕ੍ਰਿਸਚਨ ਲੀਡਰਸ਼ਿੱਪ ਯੂਨੀਵਰਸਿਟੀ ਅਤੇ ਕੰਮਇਯੂਨਿਯਅਨ ਵਿੱਦ ਗੋਡ ਮਿਨਸਟਰਸੀ ਦਾ ਸੰਸਥਾਪਕ ਅਤੇ ਸਭਾਪਤੀ ਹੈ। ਉਹ 1972 ਤੋਂ ਹੀ ਸੇਵਕਾਈ ਦੇ ਵਿੱਚ ਕਿਰਿਆਸ਼ੀਲ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਮਾਰਕ ਵਿਰਕਲਰ ਅਤੇ ਪੈਟੀ ਵਿਰਕਲਰ ਦੁਆਰਾ ਲਿਖੀਆਂ ਕਿਤਾਬਾਂ, "ਹਾਊ ਟੂ ਰੀਸੀਵ ਦਾ ਬੈਪਟਿਸਮ ਇਨ ਦਾ ਹੌਲੀ ਸਪਿੱਰਟ" ਇਸ ਪਤੇ ਤੋਂ www.CWGMinistries.org ਖਰੀਦ ਲਓ।

**ਜਾਣਕਾਰੀ:** ਪੂਰੇ ਨਵੇਂ ਨੇਮ ਦੇ ਵਿੱਚ, ਹਰ ਕੋਈ ਜਿਸ ਨੇ ਪਵਿੱਤਰ ਆਤਮਾ ਦੇ ਵਿੱਚ ਬਪਤਿਸਮਾ ਪਾਇਆ ਸੀ ਨੇ ਪਰਾਈ ਭਾਖਿਆ ਵਿੱਚ ਬੋਲਣਾ ਅਰੰਭ ਕੀਤਾ ਸੀ! ਅਸਲ ਦੇ ਵਿੱਚ, ਕੁਰਨੇਲਿਯੁਸ ਅਤੇ ਉਸ ਦੇ ਘਰਾਣੇ ਨੂੰ ਪਰਾਈ ਭਾਖਿਆ ਵਿੱਚ ਬੋਲਦੇ ਸੁਣਨਾ ਹੀ ਇੱਕੋ ਇੱਕ ਪ੍ਰਮਾਣ ਸੀ ਜਿਹੜਾ ਕਿ ਪਤਰਸ ਅਤੇ ਰਸੂਲਾਂ ਨੂੰ ਉਨ੍ਹਾਂ ਨੂੰ ਪ੍ਰਮਾਣਿਤ ਕਰਨ ਲਈ ਲੋੜੀਂਦਾ ਸੀ ਕਿ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਵੀ ਉਸ ਦੇ ਪਵਿੱਤਰ ਆਤਮਾ ਨਾਲ ਬਪਤਿਸਮਾ ਦਿੱਤਾ ਹੋਇਆ ਹੈ (ਰਸੂਲਾਂ. 10:44-47; 11:15-17)। ਖੇਦਜਨਕ, ਸਮਝ ਅਤੇ ਗਿਆਨ ਦੀ ਇੱਕ ਕਮੀ ਦੇ ਕਾਰਨ, ਅੱਜ ਬਹੁਤ ਸਾਰੇ ਜਿਨ੍ਹਾਂ ਨੇ ਪਵਿੱਤਰ ਆਤਮਾ ਦੇ ਵਿੱਚ ਬਪਤਿਸਮੇ ਦੇ ਲਈ ਉੱਤਸੁਕਤਾ ਨਾਲ ਪ੍ਰਾਰਥਨਾ ਕੀਤੀ ਸੀ ਪਰਾਈ ਭਾਖਿਆ ਵਿੱਚ ਬੋਲਣ ਦੇ ਪ੍ਰਮਾਣ ਵਿੱਚ ਨਹੀਂ ਆਏ ਹਨ ਜੋ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤਾ ਹੈ। ਡਾ. ਮਾਰਕ ਵਿਰਕਲਰ ਦੀ ਸਪੱਸ਼ਟ, ਵਿਵਹਾਰਿਕ ਸਿੱਖਿਆ ਨੇ ਹਜ਼ਾਰਾਂ ਲੋਕਾਂ ਨੂੰ ਵਿਸ਼ਵਾਸ ਵਿੱਚ ਕਦਮ ਵਧਾਉਣ ਅਤੇ ਇਸ ਅਦਭੁੱਦ ਬਰਕਤ ਜਿਸ ਦਾ ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਦਾ ਅਨੰਦ ਲੈਣਾ ਅਰੰਭ ਕਰਨ ਵਿੱਚ ਕਦਮ ਵਧਾਉਣ ਵਿੱਚ ਸਹਾਇਤਾ ਕੀਤੀ ਹੈ। ਕੀ ਤੁਸੀਂ ਪ੍ਰਾਪਤ ਕਰਨ ਲਈ ਤਿਆਰ ਹੋ।

ੳ. ਪਵਿੱਤਰ ਆਤਮਾ ਦਾ ਬਪਤਿਸਮਾ ਅਤੇ ਪਰਾਈ ਭਾਖਿਆ ਵਿੱਚ ਬੋਲਣ ਦੇ ਦਾਨ ਨੂੰ ਪ੍ਰਾਪਤ ਕਰਨ ਲਈ ਕੁੰਜ਼ੀ ਵਿਸ਼ੇ

1. ਰਸੂਲਾਂ. 1:5 – ਮਸੀਹ ਦੇ ਚੇਲਿਆਂ ਨੂੰ ਦੱਸਿਆ ਗਿਆ ਸੀ ਕਿ ਉਹ ਪਵਿੱਤਰ ਆਤਮਾ ਵਿੱਚ ਬਪਤਿਸਮਾ ਪਾਉਣਗੇ।
2. ਰਸੂਲਾਂ. 1:8 – ਪਵਿੱਤਰ ਆਤਮਾ ਦੇ ਵਿੱਚ ਬਪਤਿਸਮਾ ਇੱਕ ਬਲ ਪ੍ਰਦਾਨ ਕਰਨ ਵਾਲਾ ਅਨੁਭਵ ਹੈ।
3. ਰਸੂਲਾਂ. 2:1-4 – ਪਵਿੱਤਰ ਆਤਮਾ ਵਿੱਚ ਬਪਤਿਸਮਾ ਪਰਾਈ ਭਾਖਿਆ ਵਿੱਚ ਬੋਲਣ ਦੇ ਦਾਨ ਨਾਲ ਆਇਆ ਸੀ।

ਅ. ਮੈਂ ਪਰਾਈ ਭਾਖਿਆ ਵਿੱਚ ਕਿਉਂ ਬੋਲਣਾ ਚਾਹੁੰਦਾ ਹਾਂ?

1. 1 ਕੁਰਿੰ. 14: 1 – ਮੈਨੂੰ ਆਤਮਿਕ ਦਾਨਾਂ ਨੂੰ ਉੱਤਸੁਕਤਾ ਨਾਲ ਲੋਚਣਾ ਹੈ।
2. 1 ਕੁਰਿੰ. 14:2 – ਜਦੋਂ ਮੈਂ ਪਰਾਈ ਭਾਖਿਆ ਵਿੱਚ ਬੋਲ ਰਿਹਾ ਹਾਂ ਮੈਂ ਪਰਮੇਸ਼ੁਰ ਨਾਲ ਬੋਲ ਰਿਹਾ ਹਾਂ!
3. 1 ਕੁਰਿੰ. 14:2 – ਮੇਰਾ ਆਤਮਾ ਸਰਬ ਸ਼ਕਤੀਮਾਨ ਪਰਮੇਸ਼ੁਰ ਦੇ ਨਾਲ ਭੇਦਾਂ ਨੂੰ ਬੋਲ ਰਿਹਾ ਹਾਂ (ਮੇਰੇ ਮਨ ਨੂੰ ਇੱਕ ਪਾਸੇ ਰੱਖਦਾ ਹੋਇਆ)।
4. 1 ਕੁਰਿੰ. 14:4 – ਮੇਰਾ ਨਿਰਮਾਣ ਹੋ ਰਿਹਾ ਹੈ – ਉੱਨਤੀ, ਤਾਂ ਜੋ ਮੈਂ ਦੂਜਿਆਂ ਨਾਲ ਕਿਰਪਾ ਨੂੰ ਦੇ ਸਕਾਂ।

ੲ. ਕੀ ਅਸੀਂ ਸਾਰੇ ਪਰਾਈ ਭਾਖਿਆ ਵਿੱਚ ਬੋਲ ਸਕਦੇ ਹਾਂ?

1. 1 ਕੁਰਿੰ. 14:5ੳ – ਮੈਂ ਚਾਹੁੰਦਾ ਹਾਂ ਤੁਸੀਂ ਸੱਭੇ ਪਰਾਈ ਭਾਖਿਆ ਬੋਲੋ

2. 1 ਕੁਰਿੰ. 14:26 – ਸਾਡੇ ਵਿੱਚੋਂ ਹਰੇਕ ਦੇ ਕੋਲ ਆਇਤ 26 ਵਿੱਚ ਸੂਚੀ ਦਿੱਤਾ ਗਿਆ ਸਭ ਕੁਝ ਹੈ (ਯੂਨਾਨੀ ਵਿੱਚ, ਇਸ ਸੂਚੀ ਵਿੱਚ ਇੱਥੇ "ਜਾਂ" ਨਹੀਂ ਹੈ।)

ਸ. ਇਸ ਤਰ੍ਹਾਂ ਮੈਂ ਫੈਸਲਾ ਕੀਤਾ ਕਿ ਮੈਂ ਪਰਾਈ ਭਾਖਿਆ ਵਿੱਚ ਬੋਲਣਾ ਚਾਹੁੰਦਾ ਹਾਂ।

1. ਮੈਂ ਪਵਿੱਤਰ ਆਤਮਾ ਵਿੱਚ ਬਪਤਿਸਮਾ ਲੈਣ ਲਈ ਵਰਤ ਰੱਖਿਆ ਅਤੇ ਪ੍ਰਾਰਥਨਾ ਕੀਤੀ, ਅਤੇ ਮੈਂ ਇਹ ਪਾਇਆ, ਮੈਂ ਪਰਾਈ ਭਾਖਿਆ ਵਿੱਚ ਬੋਲਣ ਦੇ ਦਾਨ ਨੂੰ ਪ੍ਰਾਪਤ ਨਹੀਂ ਕੀਤਾ, ਭਾਵੇਂ ਕਿ ਮੈਂ ਆਪਣੀ ਜੀਭ ਨੂੰ ਖੁਲ੍ਹਾ ਛੱਡਿਆ ਅਤੇ ਪਰਮੇਸ਼ੁਰ ਨੂੰ ਆਖਿਆ ਕਿ ਇਸ ਨੂੰ ਚਲਾਵੇ!
2. ਕੁਝ ਵੀ ਨਹੀਂ ਹੋਇਆ! ਮੈਂ ਪਰਾਈ ਭਾਖਿਆ ਦੇ ਵਿੱਚ ਨਹੀਂ ਬੋਲਿਆ! ਕਿਉਂ ਨਹੀਂ?

ਹ. ਮੇਰੇ ਪਰਾਈ ਭਾਖਿਆ ਵਿੱਚ ਬੋਲਣਾ ਸਿੱਖਣ ਦੇ ਲਈ ਮੈਨੂੰ ਕੀ ਕਰਨਾ ਸਿੱਖਣ ਦੀ ਲੋੜ ਹੈ:

1. ਰਸੂਲਾਂ. 2:4 – ਬੋਲਣਾ ਕਿਸ ਨੇ ਕੀਤਾ! ਚੇਲਿਆਂ ਨੇ ਕੀਤਾ! ਉਚਾਰਣ ਕਿਸ ਨੇ ਦਿੱਤਾ? ਪਵਿੱਤਰ ਆਤਮਾ ਨੇ ਦਿੱਤਾ!
2. ਇਸ ਅਧਿਆਤਮਕ ਗਿਆਨ ਨੂੰ ਪ੍ਰਾਪਤ ਕਰਨਾ ਕਿ ਕਿਵੇਂ ਇੱਕ ਚਮਤਕਾਰ ਕੰਮ ਕਰਦਾ ਹੈ (ਪਰਮੇਸ਼ੁਰ ਇੱਕ ਹਿੱਸੇ ਨੂੰ ਕਰਦਾ ਹੈ ਅਤੇ ਇੱਕ ਹਿੱਸੇ ਨੂੰ ਮਨੁੱਖ ਕਰਦਾ ਹੈ!)

   ੳ. ਪਾਣੀ ਦੇ ਵਿੱਚ ਚੱਲਣ ਲਈ, ਪਤਰਸ ਨੂੰ ਉੱਠਣਾ ਪਿਆ ਅਤੇ ਚੱਲਣਾ ਪਿਆ, ਅਤੇ

   ਅ. ਪਰਮੇਸ਼ੁਰ ਨੇ ਉਸ ਦੇ ਪੈਰਾਂ ਨੂੰ ਪਾਣੀ ਦੀ ਸਤਹ ਤੇ ਖੜਾ ਹੋਣ ਵਾਲਾ ਬਣਾਇਆ।
3. ਇਸ ਲਈ ਪਰਾਈ ਭਾਖਿਆ ਵਿੱਚ ਬੋਲਦੇ ਹੋਏ

   ੳ. ਬੋਲਣ ਤੁਸੀਂ ਕਰਨਾ ਹੈ

   ਅ. ਪਵਿੱਤਰ ਆਤਮਾ ਉਚਾਰਣ ਦੇ ਆਕਾਰ ਤੇ ਨਿਯੰਤ੍ਰਣ ਕਰੇਗਾ।

ਕ. ਪਵਿੱਤਰ ਆਤਮਾ ਦੇ ਮੇਰੀ ਅਵਾਜ਼ ਦੀਆਂ ਨਾਲੀਆਂ ਤੇ ਨਿਯੰਤ੍ਰਣ ਕਰਨਾ ਕਿਸ ਤਰ੍ਹਾਂ ਦਾ ਮਹਿਸੂਸ ਹੁੰਦਾ ਹੈ?

1. ਯੂਹੰਨਾ 7:37-39 – ਸਾਡੇ ਅੰਦਰ ਵਹਾਓ ਪਰਮੇਸ਼ੁਰ ਦੀ ਨਦੀ ਹੈ ਜਾਂ ਪਵਿੱਤਰ ਆਤਮਾ ਹੈ। ਇਸ ਲਈ ਜਦੋਂ ਮੈਂ ਵਹਾਓ ਦੇ ਨਾਲ ਜੁੜ ਜਾਂਦਾ ਹਾਂ, ਮੈਂ ਅੰਦਰ ਪਵਿੱਤਰ ਆਤਮਾ ਦੇ ਵਹਾਓ ਨਾਲ ਜੁੜ ਰਿਹਾ ਹਾਂ।
2. ਇਸ ਲਈ ਮੈਂ "ਵਹਾਓ" ਨੂੰ ਉਚਾਰਣ ਦੇ ਆਕਾਰ ਦੀ ਅਗਵਾਈ ਕਰਨ ਦਿੰਦਾ ਹਾਂ ਅਤੇ ਭਰੋਸਾ ਕਰਦਾ ਹਾਂ ਕਿ ਇਹ ਵਹਾਓ ਮੇਰੇ ਅੰਦਰ ਪਰਮੇਸ਼ੁਰ ਦੇ ਆਤਮਾ ਤੋਂ ਹੈ।

ਖ. ਤਰਕਵਾਦ ਦੇ ਝੂਠੇ ਪਰਮੇਸ਼ੁਰ ਨੂੰ ਤੋੜਨਾ

1. ਮੇਰੇ ਮਨ ਨੂੰ ਇੱਕ ਸਨਕ ਉੱਠਦੀ ਹੈ ਜਦੋਂ ਮੈਂ ਇਹ ਕਰਨਾ ਅਰੰਭ ਕਰਦਾ ਹਾਂ। ਮੇਰੇ ਮਨ ਨੇ ਸਦਾ ਮੇਰੇ ਬੁੱਲ੍ਹਾਂ ਤੇ ਨਿਯੰਤ੍ਰਣ ਕੀਤਾ ਹੈ, ਅਤੇ ਇਸ ਨੇ ਜ਼ੋਰ ਦਿੱਤਾ ਕਿ ਮੇਰੇ ਬੁੱਲ੍ਹਾਂ ਤੇ ਨਿਯੰਤ੍ਰਣ ਕਰਨ ਲਈ ਇਸ "ਵਹਾਓ" ਨੂੰ ਇਜਾਜ਼ਤ ਦੇਣਾ ਮੂਰਖਤਾ ਸੀ। ਮੈਨੂੰ ਮੇਰੇ ਮਨ ਨੂੰ ਚੈਨ ਵਿੱਚ ਰਹਿਣ ਅਤੇ ਪਰਮੇਸ਼ੁਰ ਤੇ ਭਰੋਸਾ ਕਰਨਾ ਅਤੇ ਵਿਸ਼ਵਾਸ ਕਰਨ ਅਤੇ ਅਰਾਧਨਾ ਕਰਨ ਲਈ ਕਹਿਣਾ ਪਿਆ ਸੀ, ਤਦ ਵੀ ਜਦੋਂ ਮੇਰੇ ਆਤਮਾ ਨੇ ਇੱਕ ਅਲੌਕਿਕ ਭਾਸ਼ਾ ਵਿੱਚ ਪਰਮੇਸ਼ੁਰ ਦੀ ਅਰਾਧਨਾ ਕੀਤੀ ਸੀ।

2. ਇਹ ਸਾਧਾਰਨ ਇੱਕ ਵਿਸ਼ਵਾਸ ਦਾ ਕਦਮ ਸੀ। ਕਿਉਂ ਜੋ ਲੋਕ ਜਿਆਦਾ ਭਾਵਨਾਤਮਕ ਹੁੰਦੇ ਹਨ, ਉਹ ਆਮ ਤੋਰ ਤੇ ਇੱਕ ਭਾਵਨਾਤਮਕ ਉਚਾਈ ਦਾ ਅਨੁਭਵ ਕਰਦੇ ਹਨ, ਅਤੇ ਉਹ ਜਿਹੜੇ ਕਿ ਅਜੇ ਭਾਵਨਾਤਮਕ ਨਹੀਂ ਹਨ, ਉਹ ਜਿਆਦਾ ਭਾਵਨਾਤਮਕਤਾ ਦਾ ਅਨੁਭਵ ਨਹੀਂ ਕਰਨਗੇ। ਕੋਈ ਵੀ ਢੰਗ ਠੀਕ ਹੈ। ਅਸੀਂ ਵਿਸ਼ਵਾਸ ਵਿੱਚ, ਨਿਹਚਾ ਕਰਦੇ ਹੋਏ ਪਾਣੀ ਤੇ ਤੁਰਦੇ ਹਾਂ।

3. ਆਪਣੇ ਮਨ ਨੂੰ ਕੁਝ ਉਤਪਾਦਨ ਵਾਲਾ ਕਰਨ ਲਈ ਦਿਓ, ਜੋ ਕਿ ਤੁਹਾਡੀ ਆਪਣੀ ਮਾਂ ਬੋਲੀ ਦੇ ਵਿੱਚ ਪਰਮੇਸ਼ੁਰ ਦੀ ਅਰਾਧਨਾ ਕਰਨਾ ਹੋਵੇਗਾ (ਰਸੂਲਾਂ. 2:11)। ਇਹ ਉੱਥੇ ਬੈਠ ਕੇ ਹਰੇਕ ਉਚਾਰਣ ਜਿਹੜਾ ਤੁਹਾਡੇ ਮੂੰਹ ਤੋਂ ਆਉਂਦਾ ਹੈ ਦਾ ਆਲੋਚਾਨਤਮਕ ਵਿਸ਼ਲੇਸ਼ਣ ਕਰਨ ਤੋਂ ਇਸ ਨੂੰ ਰੋਕਦਾ ਹੈ।

4. ਜੇਕਰ ਤੁਸੀਂ ਪੂਰੀ ਤਰ੍ਹਾਂ ਰੁੱਕ ਚੁੱਕੇ ਹੋ, ਤੁਸੀਂ ਭਿੰਨ-ਭਿੰਨ ਉਚਾਰਣਾਂ ਨੂੰ (ਆ, ਆ, ਆ, ਬਾ, ਬਾ, ਬਾ, ਆਦਿ।) ਬੋਲਣ ਦੁਆਰਾ ਤੁਹਾਡੇ ਤਾਲਾ-ਬੰਦ ਨੂੰ ਬੁੱਲ੍ਹਾਂ ਬੋਲ੍ਹ ਸਕਦੇ ਹੋ। ਇਹ ਪਰਾਈ ਭਾਖਿਆ ਵਿੱਚ ਬੋਲਣਾ ਨਹੀਂ ਹੈ। ਇਹ ਸਿਰਫ ਤੁਹਾਡੀਆਂ ਬੋਲਣ ਵਾਲੀਆਂ ਨਾਲੀਆਂ ਨੂੰ ਤਰਕਵਾਦ ਦੇ ਝੂਠੇ ਪਰਮੇਸ਼ੁਰ ਤੋਂ ਅਜ਼ਾਦ ਕਰਾਉਣ ਦੀ ਕੋਸ਼ਿਸ਼ ਹੈ ਜੋ ਕਿ ਤੁਹਾਡੇ ਜੀਵਨ ਤੇ ਰਾਜ ਕਰ ਰਿਹਾ ਹੈ।

5. ਹੁਣ ਜਦੋਂ ਤੁਸੀਂ ਤੁਹਾਡੀ ਮਾਂ ਬੋਲੀ ਦੇ ਵਿੱਚ ਤੁਹਾਡੇ ਮਨ ਵਿੱਚ ਅਰਾਧਨਾ ਕਰਦੇ ਹੋ, ਤੁਹਾਡੇ ਅਵਾਜ਼ ਦੇ ਉਚਾਰਣ ਤੇ ਵਹਾਓ ਨੂੰ ਨਿਯੰਤ੍ਰਣ ਕਰਨ ਦਿਓ ਅਤੇ ਪਰਾਈ ਭਾਖਿਆ ਵਿੱਚ ਤੁਹਾਡੇ ਸਿਰਜਣਹਾਰ ਦੀ ਅਰਾਧਨਾ ਕਰੋ। ਆਪਣੇ ਵਿਸ਼ਵਾਸ ਦੇ ਕਦਮ ਨੂੰ ਵਧਾਓ ਅਤੇ ਪਾਣੀ ਦੇ ਉੱਤੇ ਚੱਲੋ!

ਆਓ ਹੁਣ ਅਸੀਂ ਅੱਗੇ ਆਈਏ ਅਤੇ ਪਾਣੀ ਦੇ ਉੱਤੇ ਚੱਲੀਏ ਜਦੋਂ ਕਿ ਦੂਜੇ ਤੁਹਾਡੇ ਤੇ ਹੱਥ ਰੱਖਦੇ ਹਨ ਅਤੇ ਤੁਹਾਡੇ ਲਈ ਪ੍ਰਾਰਥਨਾ ਕਰਦੇ ਹਨ। ਇਸ ਵਿੱਚ ਬੱਚੇ ਵਰਗੇ ਵਿਸ਼ਵਾਸ ਨੂੰ ਲੈ ਕੇ ਆਓ। ਆਪਣੇ ਆਪ ਨੂੰ ਇੱਕ ਛੋਟੇ ਬੱਚੇ ਵਜੋਂ ਪ੍ਰਭੂ ਦੇ ਸਵਰਗ ਵਿੱਚ ਉਸ ਦੇ ਸਿੰਘਾਸਣ ਤੇ ਬੈਠੇ ਹੋਏ, ਅੱਗੇ ਅਰਾਧਨਾ ਕਰਦਾ ਹੋਇਆ ਵੇਖੋ! ਪਰਾਈ ਭਾਖਿਆ ਵਿੱਚ ਬੋਲਣ ਦੇ ਚਮਤਕਾਰ ਨੂੰ ਹੋਣ ਦਿਓ! ਆਪਣੇ ਆਪ ਨੂੰ ਉਸ ਦੇ ਪਵਿੱਤਰ ਆਤਮਾ ਅੱਗੇ ਸੌਂਪ ਦਿਓ। ਤੁਸੀਂ ਨਿਰਾਸ਼ ਨਹੀਂ ਹੋਵੋਗੇ।